## ਜੇ ਅੰਗਰੇਜ਼ੀ ਦੂਜੀ ਭਾਸ਼ਾ ਹੈ

E-Comm ਕੋਲ 170 ਤੋਂ ਵੀ ਵੱਧ ਭਾਸ਼ਾਵਾਂ ਲਈ ਅਨੁਵਾਦ ਮੁਹੱਈਆ ਕਰਵਾਉਣ ਵਾਸਤੇ 24-ਘੰਟੇ ਅਨੁਵਾਦ ਸੇਵਾ ਮੌਜੂਦ ਹੈ, ਜਿਸ ਤੱਕ ਇਕ ਮਿੰਟ ਤੋਂ ਵੀ ਘੱਟ ਸਮੇਂ ਵਿਚ ਪਹੁੰਚ ਕੀਤੀ ਜਾ ਸਕਦੀ ਹੈ।

- **ਆਪਣੇ ਅੰਗਰੇਜ਼ੀ ਨਾ ਬੋਲਣ ਵਾਲੇ ਪਰਿਵਾਰ ਅਤੇ ਦੋਸਤਾਂ ਨੂੰ**, ਅਨੁਵਾਦਕ ਦੀ ਲੋੜ ਪੈਣ ਦੀ ਸੂਰਤ ਵਿਚ, ਜਿਹੜੀ ਵੀ ਭਾਸ਼ਾ ਉਹ ਬੋਲਦੇ ਹਨ, ਬਾਰੇ ਅੰਗਰੇਜ਼ੀ ਵਿਚ ਕਹਿਣਾ ਸਿਖਾ ਦਿਉ (ਜਿਵੇਂ ਕਿ "ਪੰਜਾਬੀ" ਕਹਿਣਾ ਸਿੱਖ ਲੈਣ)। ਇਸ ਤਰ੍ਹਾਂ ਮਦਦ ਭੇਜਣ ਦੀ ਕਾਰਵਾਈ ਵਿਚ ਤੇਜ਼ੀ ਆਏਗੀ

- ਪਰਿਵਾਰ ਅਤੇ ਦੋਸਤਾਂ ਨੂੰ ਅੰਗਰੇਜ਼ੀ ਵਿਚ ਸ਼ਬਦ *ਪੁਲਿਸ, ਫ਼ਾਇਰ* ਅਤੇ *ਐਂਬੂਲੈਂਸ* ਕਹਿਣਾ ਸਿੱਖਣ ਲਈ ਉਤਸ਼ਾਹਿਤ ਕਰੋ

- ਪਰਿਵਾਰ ਅਤੇ ਦੋਸਤਾਂ ਨੂੰ ਯਾਦ ਕਰਾਉ ਕਿ ਭਾਵੇਂ ਉਹ ਥੋੜ੍ਹੀ ਜਿਹੀ ਵੀ ਅੰਗਰੇਜ਼ੀ ਬੋਲਣ, ਇਹ ਅਕਸਰ ਸਾਡੇ ਸਾਰੇ ਕਾਲ-ਟੇਕਰਜ਼ ਲਈ ਲੋੜੀਂਦੀ ਜਾਣਕਾਰੀ ਇਕੱਤਰ ਕਰਨ ਵਾਸਤੇ ਬਹੁਤ ਮਦਦਗਾਰ ਹੋਏਗਾ

**ਹੋਰ ਜਾਣਕਾਰੀ ਲਈ ecomm911.ca 'ਤੇ ਜਾਉ**

## 9-1-1 ਬਾਰੇ ਜਾਨਣ ਲਈ ਦੂਜਿਆਂ ਦੀ ਮਦਦ ਕਰੋ

- **ਬੱਚਿਆਂ ਨੂੰ 9-1-1 ਠੀਕ ਤਰੀਕੇ ਨਾਲ ਵਰਤਣ ਦੀ ਸਿੱਖਿਆ ਦਿਉ** ਅਤੇ ਉਨ੍ਹਾਂ ਨੂੰ ਯਾਦ ਦਿਵਾਉ ਕਿ ਇਹ ਕੋਈ ਖਿਡੌਣਾ ਨਹੀਂ। ਕੋਰਡਲੈੱਸ ਫ਼ੋਨ ਨੂੰ ਹਮੇਸ਼ਾ ਪੂਰਾ ਚਾਰਜ ਕਰਕੇ ਘਰ ਵਿਚ ਹਰ ਸਮੇਂ ਇੱਕੋ ਹੀ ਥਾਂ 'ਤੇ ਰੱਖੋ। ਆਪਣੇ ਸਿਰਨਾਵੇਂ ਦੀ ਜਾਣਕਾਰੀ ਫ਼ੋਨ ਦੇ ਨੇੜੇ ਰੱਖੋ ਅਤੇ ਆਪਣੇ ਬੱਚਿਆਂ ਅਤੇ ਉਨ੍ਹਾਂ ਦੀ ਦੇਖ–ਭਾਲ ਕਰਨ ਵਾਲਿਆਂ ਨੂੰ ਦੱਸੋ ਕਿ ਇਹ ਕਿੱਥੇ ਹੈ। ਪੁਰਾਣੇ ਸੈੱਲ ਫ਼ੋਨਜ਼ ਬੱਚਿਆਂ ਨੂੰ ਖਿਡੌਣੇ ਵਜੋਂ ਵਰਤਣ ਲਈ ਨਾ ਦਿਉ—ਬਹੁਤੇ ਰੱਦ ਕੀਤੇ ਹੋਏ ਫ਼ੋਨਜ਼ ਤੋਂ ਵੀ 9-1-1 ਡਾਇਲ ਹੋ ਸਕਦਾ ਹੈ।

- **ਬਹਿਰੇ ਅਤੇ ਸੁਣਨ/ਬੋਲਣ ਵਿਚ ਅਸਮਰਥ ਕਾਲਰ 9-1-1 ਦੀ TTY (ਟੈਲੀਫ਼ੋਨ ਟਾਈਪਰਾਈਟਰ) ਯੂਨਿਟ ਰਾਹੀਂ ਵਰਤੋਂ ਕਰ ਸਕਦੇ ਹਨ।** ਜਿਨ੍ਹਾਂ ਕਾਲਰਜ਼ ਕੋਲ TTY ਨਹੀਂ ਹੈ ਉਹ ਲੈਂਡਲਾਈਨ ਟੈਲੀਫ਼ੋਨ ਤੋਂ ਕਾਲ ਕਰਨ ਅਤੇ ਫ਼ੋਨ ਨੂੰ ਬੰਦ ਨਾ ਕਰਨ। ਇਸ ਤਰ੍ਹਾਂ ਲਾਈਨ ਖੁੱਲ੍ਹੀ ਰਹੇਗੀ ਅਤੇ ਕਾਲ-ਟੇਕਰ ਤੁਹਾਡਾ ਸਿਰਨਾਵਾਂ ਦੇਖ ਸਕੇਗਾ ਅਤੇ ਮਦਦ ਲਈ ਪੁਲਿਸ ਭੇਜ ਦੇਵੇਗਾ। ਕਿਰਪਾ ਕਰਕੇ ਧਿਆਨ ਦਿਉ ਕਿ ਤੁਹਾਡਾ ਨਾਮ ਅਤੇ ਸਥਾਨ ਸੈੱਲ ਫ਼ੋਨਜ਼ ਜਾਂ ਕੁੱਝ VoIP ਫ਼ੋਨਜ਼ ਤੋਂ ਪਤਾ ਨਹੀਂ ਲੱਗੇਗਾ

E-Comm 9-1-1
**Help us help.**

EC012 Oct 07



# 9-1-1 ਤੁਹਾਡਾ ਪੁਲਿਸ, ਫ਼ਾਇਰ ਅਤੇ ਐਂਬੂਲੈਂਸ ਨਾਲ ਸੰਪਰਕ ਹੈ।

**9-1-1 ਪੁਲਿਸ, ਫ਼ਾਇਰ ਜਾਂ ਮੈਡੀਕਲ ਐਮਰਜੈਂਸੀ ਲਈ ਹੈ** ਜਦ ਤੁਰੰਤ ਕਾਰਵਾਈ ਦੀ ਲੋੜ ਹੋਵੇ: ਕੋਈ ਜਾਨ ਜਾਂ ਜਾਇਦਾਦ ਨੂੰ ਖ਼ਤਰਾ ਹੋਵੇ ਜਾਂ ਕੋਈ ਜੁਰਮ ਦੀ ਘਟਨਾ ਵਾਪਰ ਰਹੀ ਹੋਵੇ। 9-1-1 ਕਾਲ-ਟੇਕਰਜ਼ ਮੌਸਮ ਦੀ ਜਾਣਕਾਰੀ, ਬਿਜਲੀ ਬੰਦ ਹੋਣ ਬਾਰੇ, ਮਿਊਂਸਪਲ ਸੇਵਾਵਾਂ ਬਾਰੇ, ਭੂਚਾਲ ਦੇ ਅਕਾਰ ਬਾਰੇ, ਮੌਸਮੀ ਸਮਾਂ ਤਬਦੀਲੀ ਬਾਰੇ ਜਾਂ ਟੋਅ ਟਰੱਕ ਜਾਂ ਟੈਕਸੀ ਨੂੰ ਸੱਦਣ ਲਈ ਸੇਵਾਵਾਂ ਪ੍ਰਦਾਨ ਨਹੀਂ ਕਰਦੇ। ਕਿਰਪਾ ਕਰਕੇ 9-1-1 ਨੂੰ ਜ਼ਿੰਮੇਵਾਰੀ ਨਾਲ ਵਰਤੋ—ਇਹ ਕੋਈ ਜਾਣਕਾਰੀ ਪ੍ਰਦਾਨ ਕਰਨ ਵਾਲੀ ਲਾਈਨ ਨਹੀਂ ਹੈ।

**ਸਾਡੇ 9-1-1 ਕਾਲ-ਟੇਕਰਜ਼ ਅਤੇ ਡਿਸਪੈਚਰਜ਼ ਉੱਚ ਦਰਜੇ ਦੇ ਸਿੱਖਿਅਤ ਹਨ, ਆਪਣੇ ਕੰਮ ਪ੍ਰਤੀ ਸਮਰਪਤ ਅਤੇ ਮੁਹਾਰਤ ਵਾਲੇ ਹਨ ਜੋ ਤੁਹਾਨੂੰ ਲੋੜੀਂਦੀ ਮਦਦ ਪ੍ਰਦਾਨ ਕਰਨਗੇ। ਜਦ ਤੁਸੀਂ 9-1-1 ਕਾਲ ਕਰੋ ਤਾਂ ਕਿਰਪਾ ਕਰਕੇ ਇਹ ਨੁਕਤੇ ਯਾਦ ਰੱਖੋ।**

E-Comm 9-1-1
EMERGENCY COMMUNICATIONS FOR SOUTHWEST BRITISH COLUMBIA
INCORPORATED

## ਲਾਈਨ 'ਤੇ ਹੀ ਰਹੋ

ਜਦ E-Comm 9-1-1 ਕਾਲ-ਟੇਕਰ ਉੱਤਰ ਦਿੰਦਾ ਹੈ ਤਾਂ ਉਹ ਤੁਹਾਨੂੰ ਪੁੱਛੇਗਾ ਕਿ ਤੁਹਾਨੂੰ "ਪੁਲਿਸ", "ਫ਼ਾਇਰ" ਜਾਂ "ਐਂਬੂਲੈਂਸ" ਕਿਸਦੀ ਲੋੜ ਹੈ ਅਤੇ ਇਹ ਵੀ ਪੁਸ਼ਟੀ ਕਰੇਗਾ ਕਿ ਤੁਸੀਂ ਕਿਸ ਮਿਊਂਸਪੈਲਿਟੀ ਵਿਚ ਹੋ। ਜਦ ਤੁਸੀਂ ਸੰਕੇਤ ਦੇ ਦਿੰਦੇ ਹੋ ਕਿ ਤੁਹਾਨੂੰ ਕਿਹੜੀ ਸੇਵਾ ਚਾਹੀਦੀ ਹੈ, ਤਾਂ ਤੁਹਾਡੀ ਕਾਲ ਤੁਰੰਤ ਹੀ ਅੱਗੇ ਮਿਲਾ ਦਿੱਤੀ ਜਾਂਦੀ ਹੈ।

- **ਲਾਈਨ 'ਤੇ ਹੀ ਰਹੋ ਅਤੇ ਹਿਦਾਇਤਾਂ ਦਾ ਪਾਲਣ ਕਰੋ।** ਤੁਹਾਡਾ 9-1-1 ਕਾਲ-ਟੇਕਰ ਤੁਹਾਡੇ ਨਾਲ ਲਾਈਨ 'ਤੇ ਇਹ ਯਕੀਨੀ ਬਣਾਉਣ ਲਈ ਮੌਜੂਦ ਰਹੇਗਾ ਕਿ ਮਦਦ ਲਈ ਲੋੜੀਂਦੀ ਏਜੰਸੀ ਵਲੋਂ ਤੁਹਾਡੀ ਕਾਲ ਦਾ ਉੱਤਰ ਮਿਲ ਗਿਆ ਹੈ

## ਆਪਣੇ ਥਾਂ-ਟਿਕਾਣੇ ਦੀ ਜਾਣਕਾਰੀ ਰੱਖੋ

- **ਤੁਸੀਂ ਕਿੱਥੇ ਹੋ, ਹਰ ਸਮੇਂ ਇਸ ਦੀ ਜਾਣਕਾਰੀ ਰੱਖੋ** ਅਤੇ ਜਦ ਤੁਹਾਨੂੰ ਪੁੱਛਿਆ ਜਾਵੇ ਤਾਂ ਇਸ ਬਾਰੇ ਵਾਰਤਾਲਾਪ ਕਰੋ
- ਥਾਂ–ਟਿਕਾਣੇ ਦੀ ਜਾਣਕਾਰੀ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ, ਜੇ ਤੁਸੀਂ ਸੈੱਲ ਫ਼ੋਨ (ਸੈੱਲ ਫ਼ੋਨ ਤੋਂ ਨਾਮ ਅਤੇ ਸਥਾਨ ਦੀ ਜਾਣਕਾਰੀ ਨਹੀਂ ਮਿਲਦੀ) ਜਾਂ ਇੰਟਰਨੈੱਟ ਫ਼ੋਨ (VoIP) ਤੋਂ ਕਾਲ ਕਰ ਰਹੇ ਹੋ
- ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਤੁਸੀਂ ਕਿਸ ਸ਼ਹਿਰ ਵਿਚ ਹੋ, ਬਿਲਡਿੰਗ ਜਾਂ ਘਰ ਦਾ ਸਿਰਨਾਵਾਂ, ਕਰੌਸ ਸਟਰੀਟ ਅਤੇ ਕੋਈ ਵੀ ਹੋਰ ਜਾਣਕਾਰੀ, ਜੋ ਐਮਰਜੈਂਸੀ ਅਮਲੇ ਲਈ ਤੁਹਾਨੂੰ ਲੱਭਣ ਵਿਚ ਸਹਾਈ ਹੋਵੇ, ਬਾਰੇ ਪਤਾ ਹੋਣਾ ਚਾਹੀਦਾ ਹੈ।
- ਆਪਣੀਆਂ ਚਾਰੇ ਦਿਸ਼ਾਵਾਂ (ਉੱਤਰ, ਦੱਖਣ, ਪੂਰਬ, ਪੱਛਮ) ਦੀ ਸਿੱਖਿਆ ਲਉ

## ਸਵਾਲਾਂ ਦੇ ਜਵਾਬ ਦੇਣ ਦੀ ਤਿਆਰੀ ਰੱਖੋ

ਸਾਡੇ ਕਾਲ-ਟੇਕਰਜ਼ ਤਜਰਬੇਕਾਰ "ਸਵਾਲ ਪੁੱਛਣ ਵਾਲੇ" ਹਨ ਅਤੇ ਉਨ੍ਹਾਂ ਦੀ ਜ਼ਿਦ ਐਮਰਜੈਂਸੀ ਅਮਲੇ ਨੂੰ ਸਹੀ ਅਤੇ ਖਾਸ ਜਾਣਕਾਰੀ ਮੁਹੱਈਆ ਕਰਵਾਉਣ ਦੀ ਲੋੜ 'ਤੇ ਆਧਾਰਤ ਹੈ।

- **ਧਿਆਨ ਨਾਲ ਸੁਣੋ, ਸਪਸ਼ਟ ਬੋਲੋ ਅਤੇ ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ।** ਕਿਰਪਾ ਕਰਕੇ ਇਹ ਖ਼ਿਆਲ ਰੱਖੋ ਕਿ ਜਦ ਕਾਲ-ਟੇਕਰ ਤੁਹਾਨੂੰ ਸਵਾਲ ਕਰ ਰਿਹਾ ਹੈ, ਤਾਂ ਉਹ ਨਾਲੋ-ਨਾਲ ਮਹੱਤਵਪੂਰਨ ਜਾਣਕਾਰੀ ਬਿਜਲਈ ਤੌਰ 'ਤੇ ਡਿਸਪੈਚਰਜ਼ ਅਤੇ ਐਮਰਜੈਂਸੀ ਅਮਲਾ, ਜੋ ਤੁਹਾਡੀ ਮਦਦ ਲਈ ਆਪਣੇ ਰਸਤੇ 'ਤੇ ਹੈ, ਲਈ ਵੀ ਪ੍ਰਸਾਰਿਤ ਕਰ ਰਿਹਾ ਹੁੰਦਾ ਹੈ

## ਜੇ ਤੁਸੀਂ 9-1-1 ਭੁੱਲ-ਭੁਲੇਖੇ ਡਾਇਲ ਕਰ ਦਿੱਤਾ ਹੈ

- ਜੇ ਤੁਸੀਂ 9-1-1 ਅਕਾਰਨ ਹੀ ਡਾਇਲ ਕਰ ਦਿੱਤਾ ਹੈ, ਤਾਂ ਲਾਈਨ 'ਤੇ ਮੌਜੂਦ ਰਹੋ ਅਤੇ ਸਾਨੂੰ ਦੱਸੋ। ਜੇ ਤੁਸੀਂ ਫ਼ੋਨ ਰੱਖ ਦਿੰਦੇ ਹੋ ਤਾਂ ਸਾਨੂੰ ਨਹੀਂ ਪਤਾ ਕਿ ਤੁਸੀਂ ਰਾਜ਼ੀ-ਖੁਸ਼ੀ ਹੋ ਅਤੇ ਸਾਡੇ ਲਈ ਮੁੜ ਕੇ ਫ਼ੋਨ ਕਰਨਾ ਜ਼ਰੂਰੀ ਹੈ ਜਾਂ ਤੁਹਾਨੂੰ ਠੀਕ-ਠਾਕ ਦੇਖਣ ਲਈ ਸਾਨੂੰ ਪੁਲਿਸ ਭੇਜਣੀ ਪਏਗੀ।
- **ਆਪਣੇ ਟੈਲੀਫ਼ੋਨ ਮੈਮਰੀ ਵਿਚ 9-1-1 ਨੰਬਰ ਨਾ ਭਰੋ**—ਸਪੀਡ ਡਾਇਲ ਨਾਲ ਅਕਾਰਨ ਹੀ 9-1-1 ਨੰਬਰ ਡਾਇਲ ਹੋ ਸਕਦਾ ਹੈ
- ਆਪਣਾ ਸੈੱਲ ਫ਼ੋਨ ਜਦ ਵਰਤਣਾ ਨਾ ਹੋਵੇ ਤਾਂ ਅਕਾਰਨ ਹੀ ਡਾਇਲ ਹੋਣ ਤੋਂ ਬਚਾਉਣ ਲਈ ਸੁਰੱਖਿਅਤ ਸਥਾਨ 'ਤੇ ਰੱਖੋ
- ਇਹ ਦੇਖਣ ਲਈ ਕਿ 9-1-1 ਕੰਮ ਕਰਦਾ ਹੈ ਜਾਂ ਨਹੀਂ, ਕਿਰਪਾ ਕਰਕੇ ਇਸ ਨੂੰ ਡਾਇਲ ਨਾ ਕਰੋ